**ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ ਸਿ), ਪੰਜਾਬ, ਐਸ.ਏ.ਐਸ. ਨਗਰ**

ਹੁਕਮ ਨੰ:: (3835 ਅ-1) 21/94-14 ਅ-1 (5) (ਕੋ:ਸ:-4)
ਮਿਤੀ :: 17-06-15

ਇਸ ਦਫਤਰ ਦੇ ਹੁਕਮ ਨੰ: 21/94-14 ਅ-1 (5) ਮਿਤੀ 20-03-14/28-03-14 ਰਾਹੀਂ ਸ਼੍ਰੀ ਕੁਲਵੰਤ ਸਿੰਘ, ਲੈਕ: ਇਕਨਾਮਿਕਸ, ਸ.ਸ.ਸ.ਸ ਪਟਿਆਲ ਮਲਕੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਦੀ ਰਿਟਾਇਰਮੈਂਟ ਮਿਤੀ 30-04-14 ਨੂੰ ਸੀ, ਦੇ ਸੇਵਾਕਾਲ ਵਿੱਚ ਮਿਤੀ 01-05-14 ਤੋਂ 30-04-15 ਤੱਕ ਇਕ ਸਾਲ ਦਾ ਵਾਧਾ ਦਿੱਤਾ ਗਿਆ ਸੀ। ਕਰਮਚਾਰੀ/ਕਰਮਚਾਰਨ ਦੀ ਮੰਗ ਅਨੁਸਾਰ ਮਿਤੀ 01-05-15 ਤੋਂ ਮਿਤੀ 30-04-16 ਤੱਕ (ਇਕ ਸਾਲ) ਦਾ ਹੋਰ ਵਾਧਾ, ਪੰਜਾਬ ਸਰਕਾਰ ਦੇ ਪੱਤਰ ਨੰ: 22/2/2012-3 ਐਫ.ਪੀ. 2/475-480 ਮਿਤੀ 8-10-2012, 22/02/2012-3 ਐਫ.ਪੀ.2/43 ਮਿਤੀ 22-01-2013 ਅਤੇ ਪੱਤਰ ਨੰ: 22/2/2012-3 ਐਫ.ਪੀ. 2/471-476 ਮਿਤੀ 20.09.2013 ਅਧੀਨ, ਉਸ ਵਲੋਂ ਦਿੱਤੀ ਆਪਸ਼ਨ ਦੇ ਅਧਾਰ ਤੇ ਹੇਠ ਲਿਖੀਆਂ ਸ਼ਰਤਾਂ ਤਹਿਤ ਦਿੱਤਾ ਜਾਂਦਾ ਹੈ:-

1) ਵਧੇ ਹੋਏ ਸੇਵਾਕਾਲ ਦੌਰਾਨ ਸਬੰਧਤ ਕਰਮਚਾਰੀ ਦੀ ਤਨਖਾਹ ਆਦਿ ਲਈ, ਸਰਕਾਰ ਦੀ ਨੋਟੀਫਿਕੇਸਨ ਨੰ: 22/2/2012-3 ਐਫ.ਪੀ.2/469 ਮਿਤੀ 8-10-12, ਅਤੇ ਪੱਤਰ ਨੰ: 22/2/2012-3 ਐਫ.ਪੀ. 2/471-476 ਮਿਤੀ 20.09.2013 ਅਨੁਸਾਰ ਪੰਜਾਬ ਸਿਵਲ ਸਰਵਿਸਜ (ਪਹਿਲੀ ਸੋਧ) ਰੂਲਜ ਵਾਲਿਯੂਮ-1, ਪਾਰਟ-1, 2012 ਲਾਗੂ ਹੋਵੇਗੀ, ਜਿਸ ਅਨੁਸਾਰ ਰੂਲ 3.26 ਦੀ ਕਲਾਜ (ਏ) ਅਤੇ (ਬੀ) ਸੋਧੀ ਗਈ ਹੈ।
2) ਪੰਜਾਬ ਸਰਕਾਰ ਵਿੱਤ ਵਿਭਾਗ ਵਿੱਤ ਪ੍ਰੋਸੋਨਲ-2 ਸ਼ਾਖਾ ਦੇ ਪੱਤਰ ਨੰ: ਨੰ:22/2/2012-3 ਐਫ.ਪੀ.2/83 ਮਿਤੀ 30-04-15 ਦੇ ਪੈਰਾ ਨੰ:2 ਵਿਚ ਦਰਜ ਸ਼ਰਤਾਂ ਦੇ ਸਨਮੁੱਖ ਇਹ ਅਧਿਕਾਰੀ/ ਕਰਮਚਾਰੀ ਸੇਵਾਕਾਲ ਦੇ ਵਾਧੇ ਲਈ ਯੋਗ ਹੋਵੇ।
3) ਜੇਕਰ ਸੇਵਾਕਾਲ ਦੇ ਵਾਧੇ ਦੌਰਾਨ ਅਧਿਕਾਰੀ/ ਕਰਮਚਾਰੀ ਵੱਲੋਂ ਕੋਈ ਗੰਭੀਰ ਕੁਤਾਹੀ ਕੀਤੀ ਜਾਂਦੀ ਹੈ ਜਾਂ ਪਹਿਲਾਂ ਕੀਤੀ ਕੋਈ ਗੰਭੀਰ ਕੁਤਾਹੀ ਨੋਟਿਸ ਵਿਚ ਆਉਂਦੀ ਹੈ ਤਾਂ ਉਸ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 8 ਅਧੀਨ ਵਿਭਾਗੀ ਕਾਰਵਾਈ ਤੋਂ ਇਲਾਵਾ ਉਸ ਦੇ ਸੇਵਾਕਾਲ ਦੇ ਵਾਧੇ ਨੂੰ ਫੌਰੀ ਤੌਰ ਤੇ ਬਿਨ੍ਹਾ ਕਿਸੇ ਨੋਟਿਸ ਦੇ ਵਾਪਸ ਲਿਆ ਜਾ ਸਕਦਾ ਹੈ।
4) ਵਧੇ ਹੋਏ ਸੇਵਾ ਕਾਲ ਦੌਰਾਨ ਪੱਦ ਉਨਤੀ ਦੀ ਅਸਾਮੀ ਉਪਲਬੱਧ ਹੋਣ ਦੀ ਸੂਰਤ ਵਿਚ ਸਬੰਧਤ ਕਰਮਚਾਰੀ ਨਿਯਮਾਂ ਅਨੁਸਾਰ ਅਜਿਹੀ ਅਸਾਮੀ ਦੇ ਵਿਰੁੱਧ ਪੱਦ ਉਨਤੀ ਲਈ ਵਿਚਾਰੇ ਜਾਣ ਦਾ ਪਾਤਰ ਹੋਵੇਗਾ ਅਤੇ ਪੱਦ ਉਨਤ ਹੋਣ ਦੀ ਸੂਰਤ ਵਿਚ ਉਸਦੀ ਤਨਖਾਹ ਸਬੰਧਤ ਨਿਯਮਾਂ ਅਨੁਸਾਰ ਪੱਦ ਉਨਤੀ ਦਾ ਲਾਭ ਦਿੰਦੇ ਹੋਏ, ਨਿਸ਼ਚਿਤ ਕੀਤੀ ਜਾਵੇਗੀ।
5) ਸਬੰਧਤ ਕਰਮਚਾਰੀ ਨੂੰ ਸੇਵਾ ਨਵਿਰਤੀ ਉਪਰੰਤ ਮਿਲਣ ਯੋਗ ਸਾਰੇ ਪੈਨਸ਼ਨਰੀ ਲਾਭ ਉਸਦੇ ਸੇਵਾਕਾਲ ਵਿਚ ਕੀਤੇ ਵਾਧੇ ਦੀ ਸਮਾਪਤੀ ਹੋਣ ਉਪਰੰਤ ਹੀ ਮਿਲਣ ਯੋਗ ਹੋਣਗੇ।
6) ਜੇਕਰ ਕਰਮਚਾਰੀ ਦੀ ਪੈਨਸ਼ਨ ਮਹਾਂਲੇਖਾਕਾਰ ਪੰਜਾਬ ਤੋਂ ਪ੍ਰਵਾਨਗੀ ਉਪਰੰਤ ਆਪ ਦੇ ਅਧੀਨ ਦਫਤਰ ਵਿਖੇ ਪ੍ਰਾਪਤ ਹੋ ਗਈ ਹੋਵੇ ਤਾਂ ਪੈਨਸ਼ਨਰੀ ਲਾਭਾਂ ਦੀ ਅਦਾਇਗੀ ਤੁਰੰਤ ਰੋਕ ਦਿੱਤੀ ਜਾਵੇ।
7) ਕਰਮਚਾਰੀ ਉਕਤ ਦੱਸੀਆਂ ਹਦਾਇਤਾਂ ਅਤੇ ਸਰਕਾਰ ਵਲੋਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਦਾ ਪਾਬੰਦ ਹੋਵੇਗਾ।
8) ਪੰਜਾਬ ਸਰਕਾਰ, ਵਿੱਤ ਵਿਭਾਗ ਦੇ ਪੱਤਰ ਨੰ:22/2/2012-3 ਐਫ.ਪੀ-2/15 ਮਿਤੀ 23-01-2015 ਅਨੁਸਾਰ ਸਬੰਧਤ ਅਧਿਕਾਰੀ/ ਕਰਮਚਾਰੀ ਵਲੋਂ ਲਿਆ ਗਿਆ ਇਹ ਆਪਸ਼ਨਲ ਵਾਧਾ ਕਿਸੇ ਵੀ ਸਮੇਂ ਕੋਈ ਵੀ ਕਾਰਨ ਕਰਕੇ ਵਾਪਸ ਲਿਆ ਜਾ ਸਕਦਾ ਹੈ।
9) ਜੇਕਰ ਕਿਸੇ ਵੇਲੇ ਵੀ ਕੋਈ ਤੱਥ ਗਲਤ ਪਾਇਆ ਗਿਆ ਜਾਂ ਅਧਿਕਾਰੀ/ ਕਰਮਚਾਰੀ ਵਿਰੁੱਧ ਚੱਲ ਰਹੀ ਵਿਭਾਗੀ ਇਨਕੁਆਰੀ/ ਵਿਜੀਲੈਂਸ ਕੇਸ ਜਾਂ ਕਰੀਮਿਨਲ ਕੇਸ ਬਾਰੇ ਤੁਰੰਤ ਸੂਚਨਾ ਨਾ ਭੇਜੀ ਗਈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਜਿਲਾ ਸਿਖਿਆ ਅਫਸਰ (ਸੈ:ਸਿ:) ਅਤੇ ਸਕੂਲ ਮੁੱਖੀ ਦੀ ਹੋਵੇਗੀ।

ਬਲਬੀਰ ਸਿੰਘ
ਡਾਇਰੈਕਟਰ ਸਿਖਿਆ ਵਿਭਾਗ (ਸੈ.ਸਿ.) ਪੰਜਾਬ।

ਪਿੱਠ ਅੰਕਣ ਨੰ: ਉਕਤ/ 12057-59 ਮਿਤੀ :- 1/7/15

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਹੁਸ਼ਿਆਰਪੁਰ ਨੂੰ ਉਹਨਾਂ ਦੇ ਪੱਤਰ ਨੰ: ਅ-6/2015/1812 ਮਿਤੀ 15-05-15 ਦੇ ਹਵਾਲੇ ਵਿਚ।
2. ਪ੍ਰਿੰਸੀਪਲ / ਮੁੱਖ ਅਧਿਆਪਕ, ਸ.ਸ.ਸ.ਸ ਪਟਿਆਲ ਮਲਕੋਵਾਲ, ਜ਼ਿਲ੍ਹਾ ਹੁਸ਼ਿਆਰਪੁਰ।
3. ਸ਼੍ਰੀ ਕੁਲਵੰਤ ਸਿੰਘ, ਲੈਕ: ਇਕਨਾਮਿਕਸ, ਸ.ਸ.ਸ.ਸ ਪਟਿਆਲ ਮਲਕੋਵਾਲ, ਜ਼ਿਲ੍ਹਾ ਹੁਸ਼ਿਆਰਪੁਰ।

ਸੁਪਰਡੈਂਟ ਕੋਆਰਡੀਨੇਸ਼ਨ ਸੈਲ

**ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ ਸਿ), ਪੰਜਾਬ, ਐਸ.ਏ.ਐਸ ਨਗਰ**
**(ਕੋਆਰਡੀਨੇਸ਼ਨ ਸੈਲ)**

ਵੱਲ

ਜ਼ਿਲ੍ਹਾ ਸਿੱਖਿਆ ਅਫਸਰ(ਸੈਸਿ)
ਪਟਿਆਲਾ।

ਮੀਮੋ ਨੰ: 21/37-15 ਅ1(3) ਕੋ:ਸ:3/
ਮਿਤੀ, ਐਸ.ਏ.ਐਸ ਨਗਰ:

ਵਿਸ਼ਾ: ਸੇਵਾਕਾਲ ਵਾਧਾ:- ਸ਼੍ਰੀ ਸੁਖਮਿੰਦਰ ਸਿੰਘ, ਲੈਕਚਰਾਰ ਕਮਰਸ, ਸ.ਸ.ਸ.ਸ ਪੰਜੋਲਾ, ਜ਼ਿਲ੍ਹਾ ਪਟਿਆਲਾ।

ਹਵਾਲਾ: ਇਸ ਦਫਤਰ ਦੇ ਹੁਕਮ ਨੰ:(8539 ਸਰਰਿ, 3897 ਅ-1) 21/37-15 ਅ1(3) ਕੋ:ਸ:3/11364-66 ਮਿਤੀ 24.06.15 ਦੇ ਸਬੰਧ ਵਿੱਚ।

ਸ਼੍ਰੀ ਸੁਖਜਿੰਦਰ ਸਿੰਘ, ਲੈਕਚਰਾਰ ਕਮਰਸ, ਸ.ਸ.ਸ.ਸ ਪੰਜੋਲਾ, ਜ਼ਿਲ੍ਹਾ ਪਟਿਆਲਾ ਦੇ ਸੇਵਾਕਾਲ ਵਿੱਚ ਪਹਿਲੇ ਸਾਲ ਦਾ ਵਾਧਾ ਮਿਤੀ 01.06.15 ਤੋਂ ਮਿਤੀ 31.05.16 ਤੱਕ ਕੀਤਾ ਗਿਆ ਸੀ, ਦੇ ਜਾਰੀ ਕੀਤੇ ਹੁਕਮਾਂ ਵਿੱਚ ਕਰਮਚਾਰੀ ਦਾ ਨਾਂ ਸ਼੍ਰੀ ਸੁਖਜਿੰਦਰ ਸਿੰਘ ਦੀ ਥਾਂ ਤੇ ਸ਼੍ਰੀ ਸੁਖਮਿੰਦਰ ਸਿੰਘ ਪੜ੍ਹਿਆ ਜਾਵੇ। ਬਾਕੀ ਦੀਆਂ ਸਾਰੀਆਂ ਸ਼ਰਤਾਂ ਪਹਿਲਾਂ ਜਾਰੀ ਕੀਤੇ ਪੱਤਰ ਅਨੁਸਾਰ ਹੀ ਰਹਿਣਗੀਆਂ।

ਸੁਪਰਡੰਟ ਕੋਆਰਡੀਨੇਸ਼ਨ ਸੈਲ

ਪਿੱਠ ਅੰਕਣ ਨੰ:ਉਕਤ/ 12076-78 ਮਿਤੀ, ਐਸ.ਏ.ਐਸ ਨਗਰ:- 1/7/15

ਉਤਾਰਾ ਹੇਠ ਲਿਖਿਆ ਨੂੰ ਇਸ ਦਫਤਰ ਦੇ ਪਿੱਠ ਅੰਕਣ ਨੰ: 21/37-15 ਅ1(3) ਕੋ:ਸ:3/11364-66 ਮਿਤੀ 24.06.15 ਦੀ ਲਗਾਤਾਰਤਾ ਵਿੱਚ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1. ਪ੍ਰਿੰਸੀਪਲ ਸ.ਸ.ਸ.ਸ ਪੰਜੋਲਾ, ਜ਼ਿਲ੍ਹਾ ਪਟਿਆਲਾ।
2. ਸ਼੍ਰੀ ਸੁਖਮਿੰਦਰ ਸਿੰਘ, ਲੈਕਚਰਾਰ ਕਮਰਸ, ਸ.ਸ.ਸ.ਸ ਪੰਜੋਲਾ, ਜ਼ਿਲ੍ਹਾ ਪਟਿਆਲਾ।

ਸੁਪਰਡੰਟ ਕੋਆਰਡੀਨੇਸ਼ਨ ਸੈਲ